# ਤੁਹਾਡੀ ਸੇਵਾ / ਤੁਹਾਡੀ ਜ਼ਿੰਦਗੀ ਦੇ ਮਕਸਦ ਨੂੰ ਪੂਰਾ ਕਰਨ ਲਈ ਲਾਜ਼ਮੀ ਗੱਲਾਂ

## ਫ੍ਰੈਂਕਲਿਨ ਦੇ ਨੋਟਸ

ਕੂਚ 33:12 ਫੇਰ ਮੂਸਾ ਨੇ ਯਹੋਵਾਹ ਨੂੰ ਆਖਿਆ, ਵੇਖ ਤੂੰ ਮੈਨੂੰ ਆਖਦਾ ਹੈਂ ਕਿ ਇਨ੍ਹਾਂ ਲੋਕਾਂ ਨੂੰ ਉਤਾਹਾਂ ਲੈ ਜਾਹ ਪਰ ਤੈਂ ਮੈਨੂੰ ਨਹੀਂ ਦੱਸਿਆ ਕਿਹ ਨੂੰ ਤੂੰ ਮੇਰੇ ਨਾਲ ਘੱਲੇਂਗਾ ਤਾਂ ਵੀ ਤੈਂ ਆਖਿਆ ਹੈ, ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ ਅਤੇ ਮੇਰੀ ਕਿਰਪਾ ਦੀ ਨਿਗਾਹ ਤੇਰੇ ਉੱਤੇ ਹੈ।

## I. ਤੂੰ ਮੈਨੂੰ ਆਖਦਾ ਹੈਂ ਕਿ ਇਨ੍ਹਾਂ ਲੋਕਾਂ ਨੂੰ ਉਤਾਹਾਂ ਲੈ ਜਾਹ!

- ਮੂਸਾ ਨੂੰ ਉਸ ਦਾ ਸੇਵਕ ਹੋਂ ਲਈ **ਸੱਦਿਆ ਗਿਆ** ਸੀ
- **ਤੁਹਾਨੂੰ** ਵੀ ਯਿਸੂ ਮਸੀਹ ਦੇ **ਸੇਵਕ** ਵਜੋਂ **ਸੱਦਿਆ ਗਿਆ** ਹੈ।

ਰੋਮੀਆਂ 1:6 ਜਿਨ੍ਹਾਂ ਵਿੱਚ ਤੁਸੀਂ ਵੀ ਰਲ ਕੇ ਯਿਸੂ ਮਸੀਹ ਦੇ **ਸੱਦੇ ਹੋਏ** ਹੋ।

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ, **ਜਾਜਕਾਂ ਦੀ ਸ਼ਾਹੀ ਮੰਡਲੀ**, ਪਵਿੱਤਰ ਕੌਮ, ਪਰਮੇਸ਼ਰ ਦੀ ਖਾਸ ਪਰਜਾ ਹੋ ਭਈ ਤੁਸੀਂ **ਉਹ ਦਿਆਂ ਗੁਣਾਂ ਦਾ ਪਰਚਾਰ ਕਰੋ** ਜਿਹ ਨੇ **ਤੁਹਾਨੂੰ** ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ **ਸੱਦ ਲਿਆ।**

**ਉਹ ਦਿਆਂ ਗੁਣਾਂ ਦਾ ਪਰਚਾਰ ਕਰੋ – ਇਹੋ ਸਾਡੀ ਸੇਵਾ ਹੈ।**

- ਉਵੇਂ ਹੀ ਜਿਵੇਂ ਮੂਸਾ ਨੇ ਫ਼ਿਰਊਨ ਦੇ ਸਾਹਮਣੇ, ਲਾਲ ਸਮੁੰਦਰ ਦੇ ਕੋਲ ਅਤੇ ਉਜਾੜ ਵਿੱਚ ਕੀਤਾ ਸੀ — ਚਿੰਨ੍ਹ ਅਤੇ ਚਮਤਕਾਰ (ਕੂਚ 7:3; ਰਸੂਲਾਂ 2:22; 2:43; 4:30; 6:8; 4:3; ਰੋਮੀਆਂ 15:19; 1 ਕੁਰਿੰਥੀਆਂ 2:4)

2 ਕੁਰਿੰਥੀਆਂ 5:17-19 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। ਪਰ ਸਾਰੀਆਂ ਗੱਲਾਂ ਪਰਮੇਸ਼ਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ **ਸੇਵਕਾਈ ਸਾਨੂੰ ਦਿੱਤੀ।** ਅਰਥਾਤ ਪਰਮੇਸ਼ਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ **ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ**।

ਰੋਮੀਆਂ 8:30 ਅਤੇ ਜਿਨ੍ਹਾਂ ਨੂੰ ਉਹ ਨੇ **ਅੱਗਿਓਂ ਠਹਿਰਾਇਆ** ਉਸ ਨੇ ਓਹਨਾਂ ਨੂੰ **ਸੱਦਿਆ** ਭੀ ਅਤੇ ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ ਧਰਮੀ ਭੀ ਠਹਿਰਾਇਆ ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ ਵਡਿਆਈ ਭੀ ਦਿੱਤੀ।

ਅਫ਼ਸੀਆਂ 4:1 ਤੁਸੀਂ ਜਿਸ **ਸੱਦੇ ਨਾਲ** ਯਿਸੂ ਮਸੀਹ ਦੇ ਸੇਵਕ ਹੋਣ ਲਈ **ਸੱਦੇ ਹੋਏ ਹੋ** ਉਹ ਦੇ **ਜੋਗ ਚਾਲ ਚੱਲੋ।**

## II. ਤੈਂ ਮੈਨੂੰ ਨਹੀਂ ਦੱਸਿਆ ਕਿਹ ਨੂੰ ਤੂੰ ਮੇਰੇ ਨਾਲ ਘੱਲੇਂਗਾ

- ਜਦੋਂ ਪ੍ਰਭੂ ਤੁਹਾਨੂੰ ਕੋਈ ਮਿਸ਼ਨ ਦਿੰਦਾ ਹੈ, ਉਹ ਉਸ ਨੂੰ **ਪੂਰਾ ਕਰਨ ਦੇ** ਸਾਰੇ ਵੇਰਵੇ **ਨਹੀਂ** ਦਿੰਦਾ। ਅਤੇ ਇਹ ਵੇਰਵੇ **ਉਦੋਂ ਹੀ** ਆਉਣੇ ਸ਼ੁਰੂ ਹੁੰਦੇ ਹਨ **ਜਦੋਂ ਤੁਸੀਂ ਆਗਿਆਕਾਰੀ ਵਿੱਚ ਚੱਲਣਾ ਸ਼ੁਰੂ ਕਰਦੇ ਹੋ।**

## III. ਤੈਂ ਆਖਿਆ ਹੈ, ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ

**ਉਹ ਤੁਹਾਡਾ ਨਾਮ ਜਾਣਦਾ ਹੈ**

ਯਸਾਯਾਹ 43:1 ਹੇ ਯਾਕੂਬ, ਉਹ ਜੋ ਤੇਰਾ ਕਰਤਾਰ ਹੈ, ਹੇ ਇਸਰਾਏਲ, ਉਹ ਜੋ ਤੇਰਾ ਸਿਰਜਣਹਾਰ ਹੈ, ਯਹੋਵਾਹ ਹੁਣ ਇਉਂ ਆਖਦਾ ਹੈ, ਨਾ ਡਰ, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ, **ਮੈਂ ਤੇਰਾ ਨਾਉਂ ਲੈ ਕੇ ਤੈਨੂੰ ਜੋ ਬੁਲਾਇਆ ਹੈ**, ਤੂੰ ਮੇਰਾ ਹੈਂ।

ਲੂਕਾ 10:20 ... **ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।**

ਪਰਕਾਸ਼ 21:27 ਓਹ ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ **ਲਿਖੇ ਹੋਏ** ਹਨ।

- ਤੁਹਾਡਾ ਸੁਰਗੀ ਪਿਤਾ **ਤੁਹਾਡਾ ਨਾਮ** ਜਾਣਦਾ ਹੈ ਅਤੇ ਇਸ ਨੂੰ ਉਸ ਨੇ ਲਿਖ ਕੇ ਰੱਖਿਆ ਹੈ।
- ਉਵੇਂ ਹੀ ਜਿਵੇਂ ਤੁਹਾਡੇ ਜਨਮ ਵੇਲੇ ਤੁਹਾਡੇ ਮਾਪਿਆਂ ਨੇ ਤੁਹਾਡਾ ਨਾਮ ਰੱਖਿਆ ਸੀ ਅਤੇ ਉਸ ਨੂੰ ਸਰਕਾਰੀ ਦਫ਼ਤਰ ਵਿੱਚ ਰਜਿਸਟਰ ਵੀ ਕਰਵਾਇਆ ਸੀ।

## IV. ਮੇਰੀ ਕਿਰਪਾ ਦੀ ਨਿਗਾਹ ਤੇਰੇ ਉੱਤੇ ਹੈ।

ਪੁਰਾਣੇ ਨੇਮ ਦੀ ਇਬਰਾਨੀ ਭਾਸ਼ਾ ਵਿੱਚ ਇਸ ਦਾ ਅਰਥ ਹੈ: **ਮਿਹਰ ਜਾਂ ਫ਼ਜ਼ਲ।**

ਉਤਪਤ 6:8 **ਨੂਹ** ਉੱਤੇ ਯਹੋਵਾਹ ਦੀ **ਕਿਰਪਾ** ਦੀ ਨਿਗਾਹ ਹੋਈ।

ਉਤਪਤ 18:3 ਅਬਰਾਹਾਮ ਨੇ ਆਖਿਆ, ਹੇ ਪ੍ਰਭੂ **ਜੇ ਮੇਰੇ ਉੱਤੇ ਤੇਰੀ ਕਿਰਪਾ ਦੀ ਨਿਗਾਹ ਹੋਈ ਹੈ** ਤਾਂ ਆਪਣੇ ਦਾਸ ਦੇ ਕੋਲੋਂ ਚੱਲਿਆ ਨਾ ਜਾਣਾ।

## ਸਾਡੇ ਸਾਰਿਆਂ ਉੱਤੇ ਕਿਰਪਾ ਦੀ ਨਿਗਾਹ ਹੋਈ ਹੈ:

ਯੂਹੰਨਾ 1:16 ਉਸ ਦੀ ਭਰਪੂਰੀ ਵਿੱਚੋਂ **ਅਸਾਂ ਸਭਨਾਂ ਨੇ ਪਾਇਆ, ਕਿਰਪਾ ਉੱਤੇ ਕਿਰਪਾ।**

- **ਕਿਰਪਾ ਲਈ** ਨਵੇਂ ਨੇਮ ਦੇ ਯੂਨਾਨੀ ਸ਼ਬਦ ਦਾ ਇਹ ਵੀ ਅਰਥ ਹੈ: **ਮਿਹਰ** ਜਾਂ **ਖੁਸ਼ੀ**
- ਇਹ ਉਹ **ਸਮਰੱਥਾ** ਜਾਂ **ਕਾਬਲੀਅਤ** ਵੀ ਹੈ ਜਿਸ ਦੀ ਲੋੜ ਸਾਨੂੰ ਉਸ ਕੰਮ ਨੂੰ ਪੂਰਾ ਕਰਨ ਲਈ ਹੈ ਜੋ ਪਰਮੇਸ਼ਰ ਨੇ ਸਾਨੂੰ ਦਿੱਤਾ ਹੈ: ਉਸ ਨੇ ਮੈਨੂੰ ਆਖਿਆ ਭਈ ਮੇਰੀ **ਕਿਰਪਾ** ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ **ਸਮਰੱਥਾ** ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। 2 ਕੁਰਿੰਥੀਆਂ 12:9
    - ਪਰ, **ਉਸ ਦੀ ਕਿਰਪਾ** ਦੀ **ਸਮਰੱਥਾ ਦਾ ਅਨੁਭਵ ਕਰਨ ਲਈ, ਵਿਸ਼ਵਾਸ ਦੇ ਕਦਮਾਂ** ਦੀ ਲੋੜ ਪੈਂਦੀ ਹੈ।
    - 1 ਕੁਰਿੰਥੀਆਂ 15:10 ਪਰ ਮੈਂ ਜੋ ਕੁਝ ਹਾਂ **ਪਰਮੇਸ਼ਰ ਦੀ ਕਿਰਪਾ ਹੀ ਨਾਲ** ਹਾਂ ਅਤੇ ਉਹ ਦੀ **ਕਿਰਪਾ** ਜੋ ਮੇਰੇ ਉੱਤੇ ਹੋਈ ਸੋ **ਅਕਾਰਥ ਨਾ ਹੋਈ** ਪਰ ਮੈਂ ਉਨ੍ਹਾਂ ਸਭਨਾਂ ਨਾਲੋਂ ਵਧੀਕ **ਮਿਹਨਤ ਕੀਤੀ** (ਆਗਿਆਕਾਰੀ ਕਰਨ ਵਾਲੀ ਨਿਹਚਾ ਦੇ ਕਦਮ) **ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ਰ ਦੀ ਕਿਰਪਾ** ਨੇ ਜੋ ਮੇਰੇ ਨਾਲ ਸੀ।

ਕੂਚ **33:13** ਸੋ ਜੇ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਹੈ ਤਾਂ **ਮੈਨੂੰ ਆਪਣਾ ਰਾਹ ਦੱਸ** ਕਿ ਮੈਂ **ਤੈਨੂੰ ਜਾਣਾਂ** ਤਾਂ ਜੋ **ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਰਹੇ।**

### I. ਮੈਨੂੰ ਆਪਣਾ ਰਾਹ ਦੱਸ

ਮੂਸਾ ਨੇ ਹੋਰ ਕਿਸੇ ਵੀ ਵਿਅਕਤੀ ਨਾਲੋਂ **ਵਧ ਪ੍ਰਭੂ ਦੇ ਰਾਹ** ਵੇਖੇ ਅਤੇ ਅਨੁਭਵ ਕੀਤੇ ਸਨ: ਬਲਦੀ ਝਾੜੀ / ਫ਼ਿਰਊਨ ਦੇ ਸਾਹਮਣੇ / ਮਰੀਆਂ / ਲਾਲ ਸਮੁੰਦਰ ਦਾ ਦੋ ਹਿੱਸੇ ਹੋਣਾ / ਮੰਨ / ਬਟੇਰਾਂ / ਚਟਾਨ ਵਿੱਚੋਂ ਪਾਣੀ / ਸੀਨਈ ਪਰਬਤ ਉੱਤੇ ਬਿਜਲੀਆਂ ਅਤੇ ਗਰਜਾਂ – ਧੂਆਂ ਅਤੇ ਅੱਗ ਤੇ ਪਰਬਤ ਦਾ ਕੰਬਣਾ / ਅਤੇ ਪ੍ਰਭੂ ਵੱਲੋਂ ਬੋਲਣਾ ਤੇ ਦਸ ਹੁਕਮ ਦਿੱਤਾ ਜਾਣਾ:

**"ਪ੍ਰਭੂ ਦੇ ਰਾਹਾਂ"** ਬਾਰੇ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਉਸ ਦੀ ਬਾਣੀ, ਬਾਈਬਲ, ਨੂੰ ਪੜ੍ਹਨਾ, ਅਧਿਐਨ ਕਰਨਾ ਅਤੇ ਸਿੱਖਣਾ: ਜ਼ਬੂਰਾਂ 119:27 ਆਪਣੇ ਫ਼ਰਮਾਨਾਂ ਦਾ ਰਾਹ ਮੈਨੂੰ ਸਮਝਾ, **ਤਾਂ ਮੈਂ ਤੇਰੇ ਅਚਰਜ ਕੰਮਾਂ ਉੱਤੇ ਧਿਆਨ ਲਾਵਾਂਗਾ।**

**ਮੂਸਾ ਸਿਆਣ ਜਾਂਦਾ ਹੈ**:

ਕਿਉਂ ਜੋ **ਮੇਰੇ ਖਿਆਲ** ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ **ਮੇਰੇ ਰਾਹ** ਹਨ, ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ **ਮੇਰੇ ਰਾਹ** ਤੁਹਾਡੇ ਰਾਹਾਂ ਤੋਂ, ਅਤੇ **ਮੇਰੇ ਖਿਆਲ** ਤੁਹਾਡੇ ਖਿਆਲਾਂ ਤੋਂ **ਉੱਚੇ ਹਨ।** ਯਸਾਯਾਹ 55:8-9

ਅਤੇ ਇਹ ਸਭ ਅਨੁਭਵ ਕਰਨ ਤੋਂ ਬਾਦ ਵੀ ਮੂਸਾ ਹੋਰ ਵਧ ਲਈ ਪੁਕਾਰ ਉੱਠਦਾ ਹੈ, ਕਿਉਂਕਿ...

ਮੂਸਾ ਦੀ ਸਭ ਤੋਂ ਵੱਡੀ ਤਾਂਘ ਕੇਵਲ ਪ੍ਰਭੂ ਦੇ ਰਾਹਾਂ ਨੂੰ ਜਾਣਨਾ ਹੀ ਨਹੀਂ ਸੀ, ਉਸ ਦਾ ਇੱਕਮਾਤਰ ਟੀਚਾ ਇਹ ਨਹੀਂ ਸੀ, ਸਗੋਂ:

## II. ਮੈਂ ਤੈਨੂੰ ਜਾਣਾਂ

- ਮੂਸਾ ਦੀ **ਸਭ ਤੋਂ ਵੱਡੀ ਤਾਂਘ** ਆਪ ਸਰਬਸ਼ਕਤੀਮਾਨ ਪ੍ਰਭੂ ਪਰਮੇਸ਼ਰ ਦੇ ਨਾਲ ਇੱਕ ਡੂੰਘੇ ਸੰਬੰਧ ਦੀ ਸੀ।

- **ਉਸ ਨੂੰ** ਕੇਵਲ "ਪ੍ਰਭੂ ਦੇ ਰਾਹ" ਜਾਣਨ ਤੋਂ ਹੀ **ਸੰਤੋਖ ਨਹੀਂ ਸੀ।** ਮੂਸਾ ਆਪ ਪ੍ਰਭੂ ਨੂੰ ਜਾਣਨਾ ਚਾਹੁੰਦਾ ਸੀ!

- ਜ਼ਿਆਦਾਤਰ ਵਿਸ਼ਵਾਸੀ, ਕਿਸੇ ਨਾ ਕਿਸੇ ਹੱਦ ਤੱਕ, ਪ੍ਰਭੂ ਦੇ ਰਾਹਾਂ — ਉਸ ਦਾ ਤਰਸ, ਉਸ ਦੇ ਨਿਆਂ, ਉਸ ਦੀ ਚੰਗਿਆਈ, ਉਸ ਦੇ ਦਾਨ, ਉਸ ਦੀਆਂ ਬਰਕਤਾਂ — ਨੂੰ ਜਾਣਨਾ ਚਾਹੁੰਦੇ ਹਨ...

- ਪਰ ਸਾਡੇ ਵਿੱਚੋਂ ਕਿੰਨੇ ਲੋਕ ਸੱਚਮੁਚ — ਜਿਵੇਂ ਕਿ ਸਾਡੀਆਂ ਪ੍ਰਾਰਥਨਾਵਾਂ ਅਤੇ ਜੀਵਨਸ਼ੈਲੀ ਵਿੱਚ ਪਰਗਟ ਹੈ — ਉਸ ਨੂੰ ਜਾਣਨਾ ਚਾਹੁੰਦੇ ਹਨ? ਅਤੇ ਇੱਕ ਡੂੰਘੇ ਸੰਬੰਧ ਲਈ ਲਗਾਤਾਰ ਜਤਨ ਕਰ ਰਹੇ ਹਨ?

- ਤੁਸੀਂ ਕਿਸੇ ਵੀ ਵਿਅਕਤੀ ਨੂੰ ਸੱਚੇ ਤੌਰ 'ਤੇ ਕੇਵਲ ਓਨਾ ਹੀ ਜਾਣ ਸਕਦੇ ਹੋ ਜਿੰਨਾ ਤੁਸੀਂ ਉਸ ਦੇ ਰਾਹਾਂ ਜਾਂ ਤੌਰ ਤਰੀਕਿਆਂ ਨੂੰ ਜਾਣਦੇ ਹੋ! ਉਦਾਹਰਣ: ਵਿਆਹ

ਸੋ, ਪ੍ਰਭੂ ਨੂੰ ਬੇਹਤਰ ਜਾਣਨ – ਹੋਰ ਡੂੰਘੇ ਤੌਰ ’ਤੇ ਜਾਣਨ – ਦਾ ਅਰੰਭ ਉਸ ਦਿਆਂ ਰਾਹਾਂ ਨੂੰ ਜਾਣਨ ਤੋਂ ਹੁੰਦਾ ਹੈ, ਜਿਨ੍ਹਾਂ ਨੂੰ ਉਸ ਦੀ ਲਿਖਤ ਬਾਣੀ ਅਤੇ ਬੋਲੀ ਜਾਣ ਵਾਲੀ ਬਾਣੀ (ਪ੍ਰਾਰਥਨਾ) ਦੇ ਨਾਲ ਵਧੀਆ ਸਮਾਂ ਬਿਤਾ ਕੇ ਹੀ ਸਿੱਖਿਆ ਜਾ ਸਕਦਾ ਹੈ।

ਮੂਸਾ ਦੇ ਮਨ ਵਿੱਚ ਇੱਕ ਹੋਰ ਟੀਚਾ ਸੀ:

**III.** **ਤਾਂ ਜੋ ਤੇਰੀ ਕਿਰਪਾ (ਜਾਂ ਫ਼ਜ਼ਲ) ਦੀ ਨਿਗਾਹ ਮੇਰੇ ਉੱਤੇ ਰਹੇ**

ਅਸੀਂ ਇਸ ਨੂੰ ਕਿਵੇਂ ਸਮਝਦੇ ਹਾਂ? ਪ੍ਰਭੂ ਤਾਂ ਉਸ ਨੂੰ ਕਹਿ ਚੁੱਕਾ ਸੀ ਕਿ ਉਸ ਦੀ ਕਿਰਪਾ ਦੀ ਨਿਗਾਹ ਉਸ ਉੱਤੇ ਹੋ ਚੁੱਕੀ ਹੈ।

ਮੂਸਾ "ਪ੍ਰਭੂ ਦੇ ਰਾਹਾਂ" ਨੂੰ ਇਸ ਕਰਕੇ ਜਾਣਨਾ ਚਾਹੁੰਦਾ ਸੀ ਤਾਂ ਜੋ ਉਹ ਹੋਰ ਵੀ **ਡੂੰਘੇ ਤੌਰ ’ਤੇ** "ਪ੍ਰਭੂ ਨੂੰ ਜਾਣ ਸਕੇ" / ਤਾਂ ਜੋ ਪ੍ਰਭੂ ਨੂੰ ਪ੍ਰਸੰਨ ਕਰਨ ਵਾਲਾ ਜੀਵਨ ਜੀਉਣ ਲਈ **ਹੋਰ ਵਧੇਰੇ ਕਿਰਪਾ ਦੀ ਨਿਗਾਹ ਪ੍ਰਾਪਤ ਕਰ ਸਕੇ।**

ਮੂਸਾ ਦੀ ਸਭ ਤੋਂ ਵੱਡੀ ਤਾਂਘ ਅਤੇ ਪ੍ਰੇਰਣਾ ਇਹੋ ਹੈ
– ਪ੍ਰਭੂ ਨੂੰ ਜਾਣਨਾ – ਉਸ ਦੇ ਰਾਹਾਂ ਨੂੰ ਜਾਣਨਾ – ਉਸ ਦੀ ਕਿਰਪਾ ਨੂੰ ਪ੍ਰਾਪਤ ਕਰਨਾ! ਅਤੇ...
ਹਰੇਕ ਵਿਸ਼ਵਾਸੀ ਦੀ ਵੀ ਸਭ ਤੋਂ ਵੱਡੀ ਤਾਂਘ ਇਹੋ ਹੋਣੀ ਚਾਹੀਦੀ ਹੈ।

**ਸਾਡੇ ਲਈ ਪੌਲੁਸ ਦੀ ਇੱਛਾ ਵੀ ਇਹੋ ਸੀ**:

ਕੁਲੁੱਸੀਆਂ 1:9-10 ਇਸ ਕਰਕੇ ਅਸੀਂ ਵੀ ਜਿਸ ਦਿਨ ਤੋਂ ਇਹ ਸੁਣਿਆ ਤੁਹਾਡੇ ਲਈ ਇਹ ਪ੍ਰਾਰਥਨਾ ਅਤੇ ਅਰਦਾਸ ਕਰਨ ਤੋਂ ਨਹੀਂ ਹਟਦੇ ਭਈ ਤੁਸੀਂ ਹਰ ਪ੍ਰਕਾਰ ਦੇ ਆਤਮਕ ਗਿਆਨ ਅਤੇ ਸਮਝ ਨਾਲ **ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ ਜਾਓ।** ਤਾਂ ਜੋ **ਤੁਸੀਂ ਅਜਿਹੀ ਜੋਗ ਚਾਲ ਚੱਲੋ ਜਿਹੜੀ ਪ੍ਰਭੂ ਨੂੰ ਹਰ ਤਰਾਂ ਨਾਲ ਭਾਵੇ** ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ਰ ਦੀ ਪਛਾਣ ਵਿੱਚ ਵੱਧਦੇ ਰਹੋ।

1 ਥੱਸਲੁਨੀਕੀਆਂ 2:12 ਜੋ ਤੁਸੀਂ **ਪਰਮੇਸ਼ਰ ਦੇ ਜੋਗ ਚਾਲ ਚੱਲੋ** ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ ਸੱਦਦਾ ਹੈ।

1 ਥੱਸਲੁਨੀਕੀਆਂ 4:1 ਮੁਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿੱਚ ਤੁਹਾਡੇ ਅੱਗੇ ਬੇਨਤੀ ਕਰਦੇ ਅਤੇ ਤੁਹਾਨੂੰ ਤਗੀਦ ਕਰਦੇ ਹਾਂ ਕਿ ਜਿਵੇਂ ਤੁਸਾਂ ਸਾਥੋਂ ਸਿੱਖਿਆ ਪਾਈ ਭਈ ਕਿੱਕੁਰ **ਚੱਲਣਾ ਅਤੇ ਪਰਮੇਸ਼ਰ ਨੂੰ ਪਰਸੰਨ ਕਰਨਾ ਚਾਹੀਦਾ ਹੈ**- ਜਿਵੇਂ ਤੁਸੀਂ ਚੱਲਦੇ ਵੀ ਹੋ-**ਸੋ ਇਸ ਵਿੱਚ ਹੋਰ ਭੀ ਵਧਦੇ ਚੱਲੇ ਜਾਓ।**

**ਸਾਨੂੰ ਉਵੇਂ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿਵੇਂ ਮੂਸਾ ਨੇ ਕੀਤੀ**:

**ਕਿਉਂ ਜੋ** ਮੇਰੇ ਉੱਤੇ ਤੇਰੀ **ਕਿਰਪਾ** (ਫ਼ਜ਼ਲ) ਦੀ ਨਿਗਾਹ ਹੋ ਗਈ ਹੈ, ਇਸ ਕਰਕੇ,

- **ਮੈਨੂੰ ਆਪਣਾ ਰਾਹ ਦੱਸ**
- **ਕਿ ਮੈਂ ਤੈਨੂੰ ਜਾਣਾਂ**
- **ਤਾਂ ਜੋ** ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਰਹੇ

ਯਿਸੂ **ਗਿਆਨ** ਅਰ **ਕੱਦ** ਅਰ ਪਰਮੇਸ਼ਰ ਅਤੇ ਮਨੁੱਖਾਂ ਦੀ **ਕਿਰਪਾ** ਵਿੱਚ ਵਧਦਾ ਗਿਆ। ਲੂਕਾ 2:52

- ਇਹੋ ਗੱਲਾਂ ਹਨ ਜਿਹੜੀਆਂ ਪ੍ਰਭੂ ਨੂੰ ਪ੍ਰਸੰਨ ਕਰਦੀਆਂ ਹਨ

ਜੇਕਰ ਯਿਸੂ ਨੇ ਇਨ੍ਹਾਂ ਗੱਲਾਂ ਵਿੱਚ ਵਾਧਾ ਕੀਤਾ — **ਤਾਂ ਸਾਨੂੰ ਤਾਂ ਇਸ ਦੀ ਹੋਰ ਵੀ ਵਧੇਰੇ ਲੋੜ ਹੈ**।

ਸਵਰਗਦੂਤ ਨੇ ਮਰਿਯਮ ਨੂੰ ਆਖਿਆ, ਕਿ ਤੇਰੇ ਪਵਿੱਤਰ, ਨਿਰਦੋਸ਼ ਅਤੇ ਭਗਤੀਪੂਰਣ ਜੀਵਨ ਸਦਕਾ ਤੇਰੇ ਉੱਤੇ ਪਰਮੇਸ਼ਰ ਦੀ **ਕਿਰਪਾ** ਹੋਈ। (ਲੂਕਾ 1:30)

1 ਪਤਰਸ 2:19-20 ਕਿਉਂਕਿ ਜੇ ਕੋਈ **ਪਰਮੇਸ਼ਰ ਦੇ ਖ਼ਿਆਲ ਨਾਲ ਬੇਇਨਸਾਫ਼ੀ ਝੱਲ ਕੇ** ਦੁੱਖ ਸਹਿ ਲਵੇ ਤਾਂ ਇਹ ਪਰਵਾਨ ਹੈ (ਜਿਵੇਂ ਯਿਸੂ ਨੇ ਕੀਤਾ) । (20) ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ ਤੁਸੀਂ **ਸੁਭ ਕਰਮਾਂ ਦੇ ਕਾਰਨ ਦੁੱਖ ਝੱਲ** ਕੇ ਧੀਰਜ ਕਰੋ (ਜਿਵੇਂ ਯਿਸੂ ਨੇ ਕੀਤਾ) ਤਾਂ ਇਹ **ਪਰਮੇਸ਼ਰ ਨੂੰ ਪਰਵਾਨ ਹੈ।**

> ਸਾਡੇ ਉੱਤੇ ਪਰਮੇਸ਼ਰ ਦੀ ਕਿਰਪਾ ਦੀ ਨਿਗਾਹ ਉਦੋਂ ਹੁੰਦੀ ਹੈ ਜਦੋਂ ਅਸੀਂ ਉਹੋ ਜਿਹਾ ਜੀਵਨ ਬਤੀਤ ਕਰਦੇ ਹਾਂ ਜਿਹੋ ਜਿਹਾ ਯਿਸੂ ਨੇ ਬਤੀਤ ਕੀਤਾ ਸੀ — "ਉਸ ਦੇ ਨਾਲ ਕਠੋਰ ਵਿਹਾਰ ਹੋਇਆ ਪਰ ਉਹ ਸਹਿੰਦਾ ਰਿਹਾ।"

ਅੱਯੂਬ ਇੱਕ ਚੰਗਾ ਉਦਾਹਰਣ ਹੈ: ਅੱਯੂਬ 1:1-22

ਅੱਯੂਬ 13:15 ਭਾਵੇਂ ਉਹ ਮੈਨੂੰ ਵੱਢ ਸੁੱਟੇ, ਤਾਂ ਵੀ ਮੈ ਉਸ ਉੱਤੇ ਆਸਾ ਰੱਖਾਂਗਾ।

ਇਬਰਾਨੀਆਂ 11 ਵਿਚਲੇ ਸਾਰੇ ਲੋਕ ਸਾਡੇ ਲਈ ਉਦਾਹਰਣ ਹਨ: ਆਇਤ 39 ਓਹਨਾਂ ਲਈ ਓਹਨਾਂ ਦੀ ਨਿਹਚਾ ਦੇ ਕਾਰਨ **ਸਾਖੀ ਦਿੱਤੀ ਗਈ।** ਤਦ ਵੀ ਜਦ ਉਨ੍ਹਾਂ ਨੂੰ ਰੱਦਿਆ ਗਿਆ ਅਤੇ ਉਨ੍ਹਾਂ ਨੇ ਬਹੁਤ ਦੁਖ ਝੱਲੇ।

ਨਿਹਚਾ ਨਾਲ ਹਨੋਕ ਉਤਾਹਾਂ ਚੁੱਕਿਆ ਗਿਆ ਭਈ ਮੌਤ ਨਾ ਵੇਖੇ ਅਤੇ ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ ਕਿਉਂ ਜੋ ਉਹ ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ **ਭਈ ਉਹ ਪਰਮੇਸ਼ਰ ਦੇ ਮਨ ਭਾਉਂਦਾ ਹੈ।** ਇਬਰਾਨੀਆਂ 11:5

1 ਪਤਰਸ 2:21-25 ਕਿਉਂ ਜੋ **ਤੁਸੀਂ ਇਸੇ ਕਾਰਨ** ਸੱਦੇ ਗਏ ਇਸ ਲਈ ਜੋ **ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ** ਇੱਕ **ਨਮੂਨਾ** ਤੁਹਾਡੇ ਲਈ ਛੱਡ ਗਿਆ ਭਈ **ਤੁਸੀਂ ਉਹ ਦੀ ਪੈੜ ਉੱਤੇ ਤੁਰੋ।** (22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। (23) ਉਹ **ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ** ਅਤੇ **ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ** ਸਗੋਂ **ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ** ਜਿਹੜਾ ਜਥਾਰਥ ਨਿਆਉਂ ਕਰਦਾ ਹੈ। (24) **ਉਸ ਆਪ ਸਾਡਿਆਂ ਪਾਪਾਂ ਨੂੰ** ਆਪਣੇ ਸਰੀਰ ਵਿੱਚ ਰੁੱਖ ਉੱਤੇ **ਚੁੱਕ ਲਿਆ ਭਈ** ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਉਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ।

- **ਪੌਲੁਸ ਵੱਲੋਂ** ਬਿਆਨ ਕੀਤੇ ਗਏ **ਕੰਡੇ** ਜਾਂ **ਕਸ਼ਟ** ਦੇ ਜਵਾਬ ਵਿੱਚ ਪ੍ਰਭੂ ਨੇ ਆਖਿਆ: ਮੇਰੀ **ਕਿਰਪਾ** ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ **ਸਮਰੱਥਾ** ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ **ਮਸੀਹ ਦੀ ਸਮਰੱਥਾ** ਮੇਰੇ ਉੱਤੇ ਸਾਯਾ ਕਰੇ। 2 ਕੁਰਿੰਥੀਆਂ 12:9

ਇਸ ਆਇਤ ਵਿੱਚੋਂ ਅਸੀਂ ਵੇਖਦੇ ਹਾਂ ਕਿ **ਕਿਰਪਾ** = **ਸਮਰੱਥਾ**, ਮਸੀਹ ਦਾ ਅਲੌਕਿਕ ਜੀਵਨ ਜੀਉਣ ਲਈ।

- **ਦਾਨੀ ਜੀਵਨ ਬਤੀਤ ਕਰਨ** ਦੇ ਜਵਾਬ ਵਿੱਚ ਪ੍ਰਭੂ ਆਖਦਾ ਹੈ:

ਪਰਮੇਸ਼ਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ ਅਤੇ ਪਰਮੇਸ਼ਰ **ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ** ਭਈ ਹਰ ਪਰਕਾਰ ਨਾਲ ਸਦਾ **ਸਭ ਕੁਝ ਤੁਹਾਡੇ ਕੋਲ** ਹੋਵੇ ਕਿ **ਹਰ ਸ਼ੁਭ ਕਰਮ ਲਈ** ਤੁਹਾਡੇ ਕੋਲ ਵਾਫ਼ਰ ਭੀ ਹੋਵੇ। 2 ਕੁਰਿੰਥੀਆਂ 9:7-8

ਪ੍ਰਭੂ ਖੁਸ਼ੀ ਨਾਲ ਦੇਣ ਨੂੰ ਐਨਾ ਪਸੰਦ ਕਰਦਾ ਹੈ ਕਿ ਉਹ ਤੁਹਾਨੂੰ ਸਮਰੱਥ ਬਣਾ ਦੇਵੇਗਾ - ਉਹ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ – ਅਤੇ ਉਹ ਸਭ ਦੇ ਸਕਦਾ ਹੈ ਜੋ ਉਸ ਦੇ ਕੰਮ ਨੂੰ ਪੂਰਾ ਕਰਨ ਲਈ ਤੁਹਾਨੂੰ ਲੋੜੀਂਦਾ ਹੈ।

ਸੋ, ਅਸੀਂ ਵੇਖਿਆ ਕਿ ਅਸੀਂ ਵੀ ਪ੍ਰਭੂ ਦੀ ਕਿਰਪਾ ਵਿੱਚ ਵਧ ਸਕਦੇ ਹਾਂ: ਉਸ ਦੇ ਰਾਹਾਂ ਨੂੰ ਜਾਣ ਕੇ ਅਤੇ ਉਨ੍ਹਾਂ ਅਨੁਸਾਰ ਕਰਕੇ — ਜਿਸ ਦਾ ਅਰਥ ਹੈ ਆਗਿਆਕਾਰੀ।

ਉਤਪਤ 6:8 **ਨੂਹ** ਉੱਤੇ ਯਹੋਵਾਹ ਦੀ **ਕਿਰਪਾ** ਦੀ ਨਿਗਾਹ ਹੋਈ।

ਜ਼ਬੂਰਾਂ 27:11 ਦਾਊਦ ਨੇ ਆਖਿਆ: ਹੇ ਯਹੋਵਾਹ, **ਆਪਣਾ ਰਾਹ ਮੈਨੂੰ ਸਿਖਲਾ।** ਇਸੇ ਕਰਕੇ: ਦਾਊਦ ਨੇ ਪਰਮੇਸ਼ਰ ਦੇ ਹਜ਼ੂਰੋਂ **ਕਿਰਪਾ** ਪ੍ਰਾਪਤ ਕੀਤੀ। ਰਸੂਲਾਂ 7:46

- ਦਾਊਦ ਯਹੋਵਾਹ **ਦੇ ਰਾਹਾਂ ਨੂੰ ਜਾਣਦਾ ਸੀ** ਅਤੇ ਯਹੋਵਾਹ ਕੀ ਕਿਰਪਾ ਦੇ ਨਾਲ ਉਸ ਨੇ ਗੋਲਿਯਥ ਨੂੰ ਹਰਾਇਆ ਅਤੇ ਕਈ ਜੰਗਾਂ ਜਿੱਤੀਆਂ।

ਜ਼ਬੂਰਾਂ 27:4 ਮੈਂ ਯਹੋਵਾਹ ਤੋਂ **ਇੱਕ ਗੱਲ ਮੰਗੀ ਹੈ** ਅਤੇ **ਮੈਂ ਉਹੀ ਭਾਲਾਂਗਾ**, ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ।

- ਹਰੇਕ ਵਿਸ਼ਵਾਸੀ ਦੀ ਸਭ ਤੋਂ ਵੱਡੀ ਤਾਂਘ ਇਹੋ ਹੋਣੀ ਚਾਹੀਦੀ ਹੈ

## ਸਵਾਲ ਇਹ ਹੈ:

ਗਲਾਤੀਆਂ 1:10 **ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ਰ ਨੂੰ**? ਅਥਵਾ ਕੀ ਮੈਂ **ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ**? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।

ਇਹ ਇੱਕ ਗੰਭੀਰ ਸਵਾਲ ਹੈ ਜਿਸ ਦਾ ਜਵਾਬ ਸਾਨੂੰ ਇਮਾਨਦਾਰੀ ਨਾਲ ਦੇਣਾ ਹੈ।

**ਮੈਂ ਕਿਸ ਨੂੰ ਪ੍ਰਸੰਨ ਕਰਨ ਦਾ ਜਤਨ ਕਰ ਰਿਹਾ ਹਾਂ**?

1 ਥੱਸਲੁਨੀਕੀਆਂ 4:1 ਮੁਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿੱਚ **ਤੁਹਾਡੇ ਅੱਗੇ ਬੇਨਤੀ** ਕਰਦੇ ਅਤੇ **ਤੁਹਾਨੂੰ ਤਗੀਦ** ਕਰਦੇ ਹਾਂ ਕਿ ਜਿਵੇਂ ਤੁਸਾਂ ਸਾਥੋਂ (ਪ੍ਰਭੂ ਦੇ "ਰਾਹਾਂ" ਬਾਰੇ) ਸਿੱਖਿਆ ਪਾਈ ਭਈ ਕਿੱਕੁਰ **ਚੱਲਣਾ ਅਤੇ ਪਰਮੇਸ਼ਰ ਨੂੰ ਪਰਸੰਨ ਕਰਨਾ ਚਾਹੀਦਾ ਹੈ**-ਜਿਵੇਂ ਤੁਸੀਂ ਚੱਲਦੇ ਵੀ ਹੋ-**ਸੋ ਇਸ ਵਿੱਚ ਹੋਰ ਭੀ ਵਧਦੇ ਚੱਲੇ ਜਾਓ।**

- ਜਦ ਤੁਸੀਂ ਪ੍ਰਭੂ ਦੀ ਬਾਣੀ ਅਤੇ ਪ੍ਰਾਰਥਨਾ ਵਿੱਚ ਉਸ ਦੇ ਨਾਲ ਸਮਾਂ ਬਤੀਤ ਕਰਦੇ ਹੋ ਤਾਂ **ਤੁਸੀਂ ਉਸ ਦੇ ਰਾਹਾਂ ਨੂੰ ਜਾਣੋਗੇ।**

- ਜਿੰਨਾ ਜ਼ਿਆਦਾ ਤੁਸੀਂ ਉਸ ਦੇ ਰਾਹਾਂ 'ਤੇ ਚੱਲੋਗੇ, ਓਨਾ ਜ਼ਿਆਦਾ ਤੁਸੀਂ ਉਸ ਨੂੰ ਪ੍ਰਸੰਨ ਕਰੋਗੇ, **ਓਨੀ ਹੀ ਜ਼ਿਆਦਾ** ਉਹ **ਕਿਰਪਾ** ਦੀ ਨਿਗਾਹ **ਤੁਹਾਡੇ ਉੱਤੇ ਕਰੇਗਾ।**

ਮੂਸਾ ਵੱਲੋਂ ਕੀਤੀ ਗਈ ਪ੍ਰਾਰਥਨਾ ਕਿ ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ ਦੇ ਜਵਾਬ ਵਿੱਚ ਤੁਰੰਤ ਪ੍ਰਭੂ ਨੇ ਆਖਿਆ:

ਕੂਚ **33:14** **ਮੇਰੀ ਹਜ਼ੂਰੀ ਤੇਰੇ ਸੰਗ ਜਾਵੇਗੀ** ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ।

- **ਪ੍ਰਭੂ ਦੀ ਹਜ਼ੂਰੀ** ਤੁਹਾਡੇ ਨਾਲ, ਲਗਾਤਾਰ ਤੁਹਾਡੇ ਨਾਲ ਰਹਿਣ ਤੋਂ ਵਧ ਕੇ **ਅਦਭੁਤ** ਅਤੇ ਵਧ ਕੇ **ਅਸੀਸ** ਇਸ ਜੀਵਨ ਵਿੱਚ, ਇਸ ਸੰਸਾਰ ਵਿੱਚ ਹੋਰ **ਕੁਝ ਨਹੀਂ** ਹੈ।

ਉਸ ਦੀ ਲਗਾਤਾਰ ਬਣੀ ਰਹਿਣ ਵਾਲੀ ਹਜ਼ੂਰੀ ਦੀ ਪ੍ਰਤਿੱਗਿਆ **ਤੁਹਾਡੇ** ਲਈ ਵੀ ਹੈ। ਸੋ ਸਾਨੂੰ ਆਪਣੇ ਅੰਦਰ ਉਸ ਦੀ **ਹਜ਼ੂਰੀ** ਦਾ **ਨਿਰੰਤਰ ਅਹਿਸਾਸ** ਰੱਖਣ ਲਈ ਮਿਹਨਤ ਕਰਨ ਦੀ ਜ਼ਰੂਰਤ ਹੈ।

ਨਿਰੰਤਰ ਅਹਿਸਾਸ — ਉਸ ਨਾਲ ਗੱਲ ਕਰਨਾ ਅਤੇ ਪੁੱਛਣਾ, *"ਮੈਨੂੰ ਕੀ ਕਰਨਾ ਚਾਹੀਦਾ ਹੈ?" ਹਰੇਕ ਵਿਅਕਤੀ ਨੂੰ ਮਿਲਣ ਵੇਲੇ ਅਤੇ ਹਰੇਕ ਹਾਲਾਤ ਵਿੱਚ "ਮੈਨੂੰ ਕੀ ਆਖਣਾ ਚਾਹੀਦਾ ਹੈ।"*

- **ਮੇਰੀ ਹਜ਼ੂਰੀ ਤੇਰੇ ਸੰਗ** ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ।

    ਵਿਸਰਾਮ ਇਸ ਲਈ ਕਿਉਂਕਿ:

  ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ **ਉਹ ਅਜਿਹਾ ਹੀ ਕਰੇਗਾ।**

  1 ਥੱਸਲੁਨੀਕੀਆਂ 5:24

  **ਮੈਂ** ਜੁਗ ਦੇ ਅੰਤ ਤੀਕਰ **ਹਰ ਵੇਲੇ ਤੁਹਾਡੇ ਨਾਲ ਹਾਂ।** ਮੱਤੀ 28:20

  ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ
  **ਉਹ ਸਦਾ ਤੁਹਾਡੇ ਸੰਗ ਰਹੇ।** ਯੂਹੰਨਾ 14:16

  ਉਹ ਨੇ ਆਪ ਆਖਿਆ ਹੈ ਭਈ **ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।** ਇਬਰਾਨੀਆਂ 13:5

**ਕੂਚ 33:15**

**ਫੇਰ ਉਸ ਆਖਿਆ, ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ।** ਕੂਚ 33:15

ਸਾਡਾ ਵੀ **ਇਹੋ** ਰਵੱਈਆ ਹੋਣਾ ਚਾਹੀਦਾ ਹੈ! **ਸਾਡੇ ਨਾਲ ਉਸ ਦੀ ਹਜ਼ੂਰੀ** ਬਾਰੇ **ਸਚੇਤ** ਅਤੇ ਸਾਡੇ ਨਾਲ ਉਸ ਦੀ ਹਜ਼ੂਰੀ ਉੱਤੇ **ਨਿਰਭਰ**। **ਸਫ਼ਲ ਸੇਵਾ ਦਾ ਅਰੰਭ ਇੱਥੋਂ ਹੀ ਹੁੰਦਾ ਹੈ।**

ਜਿਵੇਂ ਯਿਸੂ ਨੇ ਆਖਿਆ:

> ਯੂਹੰਨਾ 15:5 ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। **ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ** ਕਿਉਂ ਜੋ **ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।**

- ਕਹਾਉਤਾਂ 3:5-6 ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ, ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ। **ਆਪਣੇ ਸਾਰਿਆਂ ਰਾਹਾਂ ਵਿੱਚ ਉਹ ਨੂੰ** (ਉਸ ਦੀ ਹਜ਼ੂਰੀ ਨੂੰ) **ਪਛਾਣ,** ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ।

**ਕੂਚ 33:16** ਫੇਰ ਏਹ ਕਿਵੇਂ ਜਾਣਿਆ ਜਾਵੇਗਾ ਭਈ ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਅਤੇ ਤੇਰੀ ਪਰਜਾ ਉੱਤੇ ਹੈ? ਕੀ ਏਹ ਐਉਂ ਨਹੀਂ ਭਈ **ਤੂੰ ਸਾਡੇ ਨਾਲ ਜਾਂਦਾ ਹੈਂ** ਸੋ **ਅਸੀਂ** ਅਰਥਾਤ ਮੈਂ ਅਰ ਤੇਰੀ ਏਹ ਪਰਜਾ ਸਾਰਿਆ ਲੋਕਾਂ ਵਿੱਚੋਂ ਜਿਹੜੇ ਜ਼ਮੀਨ ਉੱਤੇ ਹਨ **ਅਣੋਖੇ** ਰੱਖੇ ਹੋਏ ਹਾਂ?

ਉਸ ਦੀ ਹਜ਼ੂਰੀ ਸਾਨੂੰ ਬਾਕੀ ਲੋਕਾਂ ਤੋਂ ਵੱਖਰਾ ਬਣਾਉਂਦੀ ਹੈ।

**ਅਸੀਂ ਆਪਣੇ ਆਪ ਤੋਂ ਇਹ ਜ਼ਰੂਰ ਪੁੱਛੀਏ:**

- ਕੀ ਮੈਂ ਸੰਸਾਰ ਦੇ ਲੋਕਾਂ ਤੋਂ ਭਿੰਨ ਹਾਂ?
- ਕੀ ਦੂਜੇ ਲੋਕਾਂ ਨੂੰ ਮੇਰੇ ਜੀਵਨ ਵਿੱਚ ਪ੍ਰਭੂ ਦੀ ਹਜ਼ੂਰੀ ਦਿਖਾਈ ਦਿੰਦੀ ਹੈ?
- ਅਸੀਂ ਵੀ ਯਿਸੂ ਵਾਂਗ ਆਖ ਸਕੀਏ:
  ਮੈਂ ਤੇਰਾ ਨਾਮ ਪਰਗਟ ਕੀਤਾ (ਯੂਹੰਨਾ 17:6) ਸਾਡੀ ਸੇਵਾ ਇਹੋ ਹੈ।

**ਜੇਕਰ ਤੁਹਾਡੇ ਹਿਰਦੇ ਦੀ ਇੱਛਾ** ਇਹੋ ਹੈ, ਜਿਵੇਂ ਮੂਸਾ ਦੀ ਸੀ, ਤਾਂ ਪ੍ਰਭੂ ਆਖਦਾ ਹੈ:

**ਕੂਚ 33:17** ਜਿਹੜੀ ਗੱਲ ਤੈਂ ਕੀਤੀ ਹੈ **ਮੈਂ ਏਹ ਵੀ ਕਰਾਂਗਾ** ਕਿਉਂ ਜੋ **ਮੇਰੀ ਕਿਰਪਾ ਦੀ ਨਿਗਾਹ ਤੇਰੇ ਉੱਤੇ ਹੈ** ਅਤੇ **ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ।**

- ਜਦ ਅਸੀਂ ਆਪਣੇ ਸੰਬੰਧ ਦੇ ਇਸ ਪੱਧਰ ’ਤੇ ਪੁੱਜ ਜਾਂਦੇ ਹਾਂ, ਤਦ ਅਦਭੁਤ ਗੱਲਾਂ ਹੋਣ ਲੱਗ ਜਾਂਦੀਆਂ ਹਨ।

ਇਹ ਸਿਆਣ ਕੇ, ਕਿ **ਉਸ ਉੱਤੇ ਪ੍ਰਭੂ ਦੀ ਕਿਰਪਾ ਦੀ ਨਿਗਾਹ ਹੋ ਚੁੱਕੀ ਹੈ...**
ਮੂਸਾ ਦਿਲੇਰੀ ਨਾਲ ਆਖਦਾ ਹੈ:

**ਕੂਚ 33:18** ਤਾਂ ਉਸ ਆਖਿਆ, **ਮੈਨੂੰ ਆਪਣਾ ਤੇਜ ਵਿਖਾਈਂ।**

ਪ੍ਰਭੂ ਨੂੰ ‘ਜਾਣਨ’ ਉਸ ਦੀ ਇੱਛਾ ਦੀ ਦਿਲੇਰੀ ਅਤੇ ਭੁੱਖ ਨੇ ਪ੍ਰਭੂ ਨੂੰ ਬਹੁਤ ਪ੍ਰਸੰਨ ਕੀਤਾ ਅਤੇ ਪ੍ਰਭੂ ਨੇ ਜਵਾਬ ਵਿੱਚ ਆਖਿਆ:

**ਕੂਚ 33:19-20** ਤਾਂ ਉਸ ਆਖਿਆ, **ਮੈਂ ਆਪਣੀ ਸਾਰੀ ਭਲਿਆਈ ਤੇਰੇ ਅੱਗੋਂ ਦੀ ਲੰਘਾਵਾਂਗਾ** ਅਰ **ਤੇਰੇ ਅੱਗੇ ਯਹੋਵਾਹ ਦੇ ਨਾਉਂ ਦਾ ਪਰਚਾਰ ਕਰਾਂਗਾ** [ਪਰਕਾਸ਼] ਅਰ ਜਿਸ ਉੱਤੇ ਦਿਆਲ ਹਾਂ ਉਸ ਉੱਤੇ ਦਿਆਲ ਹੋਵਾਂਗਾ [ਉਨ੍ਹਾਂ ਉੱਤੇ ਜਿਨ੍ਹਾਂ ਉੱਤੇ ਉਸ ਦੀ ਕਿਰਪਾ ਦੀ ਨਿਗਾਹ ਹੋ ਗਈ ਹੈ]

ਹੇਠ ਲਿਖੀ ਗੱਲ ਮੂਸਾ ਲਈ ਅਤੇ ਉਸ ਹਰੇਕ ਵਿਅਕਤੀ ਲਈ ਹੈ ਜੋ ਪ੍ਰਭੂ ਨੂੰ **ਸੱਚਮੁੱਚ** ਜਾਣਨਾ ਚਾਹੁੰਦਾ ਹੈ ਅਤੇ ਉਸ ਦੀ ਕਿਰਪਾ ਦੀ ਨਿਗਾਹ ਪ੍ਰਾਪਤ ਕਰਨਾ ਚਾਹੁੰਦਾ ਹੈ:

**ਕੂਚ 33:21-23** ਤਾਂ ਯਹੋਵਾਹ ਨੇ ਆਖਿਆ, ਵੇਖ **ਮੇਰੇ ਕੋਲ ਇੱਕ ਥਾਂ ਹੈ** ਅਰ ਤੂੰ ਇੱਕ **ਚਟਾਨ ਉੱਤੇ** ਖਲੋ ਜਾਵੀਂ। (22) ਅਰ ਐਉਂ ਹੋਵੇਗਾ ਕਿ ਜਦ **ਮੇਰਾ ਤੇਜ ਲੰਘ ਜਾਵੇ** ਤਾਂ **ਮੈਂ ਤੈਨੂੰ ਪੱਥਰ ਦੀ ਇੱਕ ਖੁੰਧਰ ਵਿੱਚ ਪਾਵਾਂਗਾ** ਅਤੇ ਲੰਘਣ ਦੇ ਵੇਲੇ ਮੈਂ ਤੈਨੂੰ ਆਪਣੇ ਹੱਥ ਨਾਲ ਢੱਕਾਂਗਾ। (23) ਮੈਂ ਆਪਣਾ ਹੱਥ ਹਟਾਵਾਂਗਾ ਅਤੇ ਤੂੰ ਮੇਰਾ ਪਿੱਛਾ ਵੇਖੇਂਗਾ ਪਰ ਮੇਰਾ ਮੂੰਹ ਨਾ ਦਿੱਸੇਗਾ।

- **ਮੇਰੇ ਕੋਲ ਇੱਕ ਥਾਂ ਹੈ** ਇੱਕ ਵਿਸ਼ੇਸ਼ ਥਾਂ – ਇੱਕ ਗੁਪਤ ਥਾਂ ਜਿੱਥੇ ਤੁਸੀਂ ਹਮੇਸ਼ਾ ਸਚੇਤ ਰਹਿੰਦੇ ਹੋ ਕਿ ਉਹ ਤੁਹਾਡੇ ਨਾਲ ਹੈ।

  **ਚਟਾਨ ਉੱਤੇ** – ਇਹ ਯਿਸੂ ਹੈ। *"ਮੇਰੇ ਬਚਾਓ ਦੀ ਚਟਾਨ।"*

  (2 ਸਮੂਏਲ 22: 2-4, 47)

- ਦਾਊਦ ਨੇ ਪ੍ਰਭੂ ਦੇ ਮਨ ਭਾਉਂਦਾ ਇੱਕ ਮਨੁੱਖ (ਰਸੂਲਾਂ 13:22) ਹੁੰਦਿਆਂ ਹੋਇਆਂ ਇੱਕ ਗੁਪਤ ਥਾਂ ਦੀ ਗੱਲ ਕੀਤੀ। ਮੂਸਾ ਵਾਂਗ ਉਸ ਦੇ ਅੰਦਰ ਵੀ "ਪ੍ਰਭੂ ਅਤੇ ਉਸ ਦੇ ਰਾਹਾਂ ਨੂੰ ਜਾਣਨ" ਦੀ ਇੱਕ ਉਮੰਗ ਸੀ।

ਜ਼ਬੂਰਾਂ 27:5 ਬਿਪਤਾ ਦੇ ਦਿਨ ਉਹ ਤਾਂ ਮੈਨੂੰ ਆਪਣੇ ਮੰਡਪ ਵਿੱਚ ਲੁਕਾਵੇਗਾ, ਅਤੇ ਆਪਣੇ ਤੰਬੂ ਦੇ **ਪੜਦੇ ਵਿੱਚ** ਮੈਨੂੰ ਛਿਪਾਵੇਗਾ, ਉਹ ਮੈਨੂੰ **ਚਟਾਨ** ਤੇ ਉੱਚਾ ਕਰੇਗਾ।

ਜ਼ਬੂਰਾਂ 27:4 ਮੈਂ ਯਹੋਵਾਹ ਤੋਂ **ਇੱਕ ਗੱਲ ਮੰਗੀ ਹੈ** ਅਤੇ **ਮੈਂ ਉਹੀ ਭਾਲਾਂਗਾ,** ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ [ਉਸ ਦੀ ਹਜ਼ੂਰੀ ਵਿੱਚ] ਵੱਸਾਂ, ਤਾਂ ਜੋ ਮੈਂ **ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ,** ਅਤੇ ਉਹ ਦੀ ਹੈਕਲ ਵਿੱਚ **ਧਿਆਨ ਕਰਾਂ**।

ਜ਼ਬੂਰਾਂ 27:7-9 ਹੇ ਯਹੋਵਾਹ, ਮੇਰੀ ਪੁਕਾਰ ਦੀ ਅਵਾਜ਼ ਨੂੰ ਸੁਣ, ਮੇਰੇ ਉੱਤੇ ਦਯਾ ਕਰ [ਕਿਰਪਾ ਦੀ ਨਿਗਾਹ ਕਰ] ਅਤੇ ਮੈਨੂੰ ਉੱਤਰ ਦੇਹ। **"ਮੇਰੇ ਦਰਸ਼ਣ ਦੀ ਖੋਜ ਕਰੋ,"** ਤਾਂ ਮੇਰੇ ਮਨ ਨੇ ਤੈਨੂੰ ਆਖਿਆ, **ਹੇ ਯਹੋਵਾਹ, ਮੈਂ ਤੇਰੇ ਦਰਸ਼ਣ ਦੀ ਖੋਜ ਕਰਾਂਗਾ।**

ਉਨ੍ਹਾਂ ਲੋਕਾਂ ਲਈ ਇਹ ਫਾਇਦਾ ਹੈ, ਜਿਨ੍ਹਾਂ ਦਾ ਹਿਰਦਾ ਦਾਊਦ ਵਰਗਾ ਹੈ — ਜਿਨ੍ਹਾਂ ਦਾ ਹਿਰਦਾ ਪ੍ਰਭੂ ਦੇ ਮਨ ਭਾਉਂਦਾ ਹੈ।

- ਜ਼ਬੂਰਾਂ 31:20 ਤੂੰ ਉਨ੍ਹਾਂ ਨੂੰ **ਆਪਣੀ ਦਰਗਾਹ ਦੀ ਓਟ ਵਿੱਚ** ਮਨੁੱਖ ਦੀਆਂ ਜੁਗਤਾਂ ਤੋਂ ਛਿਪਾਵੇਂਗਾ, ਤੂੰ ਉਨ੍ਹਾਂ ਨੂੰ ਜੀਭਾਂ ਦੇ ਝਗੜੇ ਤੋਂ ਮੰਡਪ ਵਿੱਚ ਲੁਕਾ ਰੱਖੇਂਗਾ।

ਪ੍ਰਭੂ ਤੁਹਾਨੂੰ ਆਖੇਗਾ:

- ਹੇ ਮੇਰੀਏ ਕਬੂਤਰੀਏ, **ਜਿਹੜੀ ਚਟਾਨ ਦੀਆਂ ਤੇੜਾਂ ਵਿੱਚ**, ਢਲਾਣ ਦੇ **ਓਹਲੇ ਵਿੱਚ** ਹੈਂ, **ਮੈਨੂੰ** ਆਪਣਾ ਚਿਹਰਾ **ਵਿਖਾ**, ਮੈਨੂੰ ਆਪਣੀ **ਅਵਾਜ਼ ਸੁਣਾ**, ਕਿਉਂ ਜੋ ਤੇਰੀ ਅਵਾਜ਼ ਰਸੀਲੀ ਅਤੇ ਤੇਰਾ ਚਿਹਰਾ [ਤੇਰਾ ਹਿਰਦਾ] ਸੋਹਣਾ ਹੈ। ਸਰੇਸ਼ਟ ਗੀਤ 2:14
- ਅਸੀਂ **ਸਵੇਰੇ ਹੀ** ਅੰਗੂਰੀ ਬਾਗ਼ਾਂ ਲਈ **ਉੱਠੀਏ**, ਅਸੀਂ ਵੇਖੀਏ ਭਈ ਵੇਲ ਖਿੜੀ ਹੈ, ਅਤੇ ਉਸ ਦੇ ਫੁੱਲ ਖੁਲ੍ਹੇ ਹਨ, ਅਤੇ ਅਨਾਰ ਫੁੱਲੇ ਹਨ ਕਿ ਨਹੀਂ, **ਉੱਥੇ ਮੈਂ ਤੈਨੂੰ ਆਪਣਾ ਪ੍ਰੇਮ ਦਿਆਂਗੀ।** ਸਰੇਸ਼ਟ ਗੀਤ 7:12

- ਇਹ “ਗੁਪਤ ਥਾਂ” ਪ੍ਰਭੂ ਦੇ ਨਾਲ **ਨੇੜਤਾ** ਅਤੇ **ਸੰਗਤੀ** ਵਾਲੀ ਥਾਂ ਹੈ।

- ਇਹ ਥਾਂ ਕੇਵਲ ਉਨ੍ਹਾਂ ਲੋਕਾਂ ਦੇ ਲਈ ਹੈ ਜਿਨ੍ਹਾਂ ਦੇ ਅੰਦਰ **ਪ੍ਰਭੂ ਦੀ ਮਹਿਮਾ, ਪ੍ਰੇਮ** ਅਤੇ **ਨੇੜਤਾ** ਦੇ ਲਈ **ਜੋਸ਼ੀਲੀ ਉਮੰਗ** ਹੈ।

**ਪ੍ਰਭੂ ਦੀ ਮਹਿਮਾ** ਨੂੰ ਵੇਖਣ ਦੀ ਮੂਸਾ ਦੀ ਵੱਡੀ **ਤਾਂਘ** ਵਾਂਗ ਹੀ **ਸਾਡੇ ਲਈ ਯਿਸੂ ਦੀ ਇੱਛਾ ਇਹ ਹੈ ਕਿ ਅਸੀਂ ਉਸ ਦੀ ਮਹਿਮਾ ਨੂੰ ਵੇਖੀਏ।**

ਯੂਹੰਨਾ 17:24 ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ **ਮੇਰੇ ਨਾਲ** ਹੋਣ ਤਾਂ ਜੋ **ਓਹ ਮੇਰੀ ਵਡਿਆਈ** ਜੋ ਤੈਂ ਮੈਨੂੰ ਦਿੱਤੀ ਹੈ **ਵੇਖਣ** ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ।

- ਇਥੋਂ ਤੱਕ ਕਿ ਇਹ ਇੱਛਾ ਸਾਡੇ ਮਨ ਨੂੰ ਖਾਈ ਜਾਂਦੀ ਹੈ - > **ਅਸੀਂ** ਉਸ ਦੀ ਮਹਿਮਾ ਨੂੰ ਵੇਖਦੇ ਹਾਂ:

  2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁਖ ਨਾਲ **ਪ੍ਰਭੂ ਦੇ ਤੇਜ** ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ **ਵੇਖਦੇ ਹੋਏ ਤੇਜ ਤੋਂ ਤੇਜ** ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ **ਉਸੇ ਰੂਪ** ਵਿੱਚ **ਬਦਲਦੇ ਜਾਂਦੇ ਹਾਂ।**

- ਸਾਡੇ ਨਾਲ **ਉਸ ਦੀ ਲਗਾਤਾਰ ਬਣੀ ਰਹਿਣ ਵਾਲੀ ਹਜ਼ੂਰੀ** ਬਾਰੇ ਸਚੇਤ ਹੋ ਕੇ ਸਾਨੂੰ ਆਪਣੇ ਆਲੇ-ਦੁਆਲੇ **ਉਸ ਦੀ** ਅਦਭੁਤ ਅਤੇ ਸੁੰਦਰ ਕੁਦਰਤ ਵਿੱਚ **ਉਸ ਦੀ ਮਹਿਮਾ** ਦਿਖਾਈ ਦਿੰਦੀ ਹੈ — ਲੋਕਾਂ ਵਿੱਚ, ਜਗਤ ਵਿੱਚ, ਆਕਾਸ਼-ਗੰਗਾਵਾਂ ਵਿੱਚ, ਇਹ ਸਾਰੇ ਅਜਿਹਾ ਦਰਪਣ ਹਨ ਜਿਹੜੇ **ਉਸ ਦੀ ਮਹਿਮਾ** ਨੂੰ ਉਨ੍ਹਾਂ ਉੱਤੇ ਪਰਗਟ ਕਰਦੇ ਹਨ ਜਿਨ੍ਹਾਂ ਕੋਲ "ਵੇਖਣ ਲਈ ਅੱਖਾਂ" ਹਨ...**ਅਤੇ ਅਸੀਂ ਬਦਲ ਜਾਂਦੇ ਹਾਂ**!

- ਜਦੋਂ ਅਸੀਂ ਇਸ ਤਰ੍ਹਾਂ ਦੀ ਉਮੰਗ ਦੇ ਨਾਲ **ਪ੍ਰਭੂ** ਦੇ ਮਗਰ ਚੱਲਦੇ ਹਾਂ ਤਾਂ ਇਹ ਸਾਨੂੰ ਉਸ ਦੇ ਰੂਪ ਵਿੱਚ ਤੇਜ ਤੋਂ ਤੇਜ ਤੀਕ ਬਦਲਦਾ ਜਾਂਦਾ ਹੈ

- ਉਸੇ ਮਕਸਦ ਲਈ ਜੋ ਉਸ ਦੇ ਪੁੱਤਰ ਦਾ ਸੀ:

  ਹੇ ਪਿਤਾ...ਆਪਣੇ ਪੁੱਤਰ ਦੀ ਵਡਿਆਈ ਕਰ **ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ**

  ਯੂਹੰਨਾ 17:1

- ਇਸ ਧਰਤੀ 'ਤੇ **ਸਾਡਾ ਮਕਸਦ** ਇਹੋ ਹੈ। ਜਿਸ ਤਰਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਓਹਨਾਂ ਨੂੰ ਜਗਤ ਵਿੱਚ ਘੱਲਿਆ। ਯੂਹੰਨਾ 17:18

- ਉਸੇ ਮਿਸ਼ਨ ਦੇ ਨਾਲ ਜੋ ਯਿਸੂ ਦਾ ਸੀ:

  **"ਤਾਂ ਜੋ ਪੁੱਤਰ ਪਿਤਾ ਦੀ ਵਡਿਆਈ ਕਰੇ"**

- ਕੇਵਲ ਤਦ ਹੀ ਅਸੀਂ ਯਿਸੂ ਦੇ ਨਾਲ ਆਖ ਸਕਾਂਗੇ:

ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰਕੇ ਮੈਂ **ਧਰਤੀ ਉੱਤੇ ਤੇਰੀ ਵਡਿਆਈ ਕੀਤੀ।** ਯੂਹੰਨਾ 17:4

ਜਿਹੜੇ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ ਓਹਨਾਂ ਉੱਤੇ **ਮੈਂ ਤੇਰਾ ਨਾਮ ਪਰਗਟ ਕੀਤਾ।** ਓਹ ਤੇਰੇ ਸਨ ਅਤੇ ਤੈਂ ਓਹ ਮੈਨੂੰ ਦਿੱਤੇ ਅਰ ਓਹਨਾਂ ਨੇ ਤੇਰੇ ਬਚਨ ਦੀ ਪਾਲਨਾ ਕੀਤੀ ਹੈ। ਯੂਹੰਨਾ 17:6

ਅਰ **ਮੈਂ ਤੇਰਾ ਨਾਮ ਏਹਨਾਂ ਉੱਤੇ ਪਰਗਟ ਕੀਤਾ** ਅਤੇ ਪਰਗਟ ਕਰਾਂਗਾ ਤਾਂ **ਜਿਸ ਪ੍ਰੇਮ** ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਓਹਨਾਂ ਵਿੱਚ ਹੋਵੇ ਅਤੇ ਮੈਂ ਓਹਨਾਂ ਵਿੱਚ ਹੋਵਾਂ। ਯੂਹੰਨਾ 17:26

ਸਵਾਲ ਇਹ ਹੈ: ਕੀ ਪ੍ਰਭੂ ਦੀ ਮਹਿਮਾ ਨੂੰ ਦੇਖਣ ਅਤੇ ਇਸ ਦਾ ਪ੍ਰਚਾਰ ਕਰਨ ਦੀ ਅਜਿਹੀ ਇੱਛਾ ਅਤੇ ਉਮੰਗ ਤੁਹਾਡੇ ਅੰਦਰ ਹੈ?

2 ਇਤਹਾਸ 16:9 ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਦੀ ਸਹਾਇਤਾ ਲਈ **ਜਿਨ੍ਹਾਂ ਦਾ ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ** ਆਪਣੇ ਆਪ ਨੂੰ ਸਮਰਥ ਵਿਖਾਵੇ।